SIR

ਦਫਤਰ ਉਪ ਮੰਡਲ ਮੈਜਿਸਟਰੇਟ-ਕਮ-ਚੋਣਕਾਰ ਰਜਿਸਟਰੇਸ਼ਨ ਅਫਸਰ
090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ
OFFICE OF THE SUB DIVISIONAL MAGISTRATE-Cum-ELECTORAL REGISTRATION OFFICE
90-RAMPURA PHUL A.C.
Phone No.01651-248225 Fax No. 01651-248025 E-mail: ero90rampuraphul@gmail.com

ਜ਼ਿੰਮੇਵਾਰ ਬਣੋ, ਵੋਟਰ ਬਣੋ

ਜ਼ਿੰਮੇਵਾਰ ਬਣੋ, ਵੋਟਰ ਬਣੋ

20269233
17/7/2026

ਮਿਤੀ 17-07-2026

ਪੱਤਰ ਨੰ: ਚੋਣਾਂ/2026/2097

ਵੱਲ,

ਸਮੂਹ ਸੁਪਰਵਾਇਜਰ,
090-ਵਿਧਾਨ ਸਭਾ ਚੋਣ ਹਲਕਾ,
ਰਾਮਪੁਰਾ ਫੂਲ।

ਵਿਸ਼ਾ: Conduct of Special Camp for collection and subsequent digitization of Enumeration Forms (EFs) under SIR-2026 on Sunday, 19 July, 2026

ਹਵਾਲਾ: ਮੁੱਖ ਚੋਣ ਅਫਸਰ ਪੰਜਾਬ, ਚੰਡੀਗੜ ਜੀ ਦੇ ਪੱਤਰ ਨੰ: Elec-2026/P-6922 Dated 17.07.2026 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਪੱਤਰ ਰਾਹੀ ਆਪ ਨੂੰ ਲਿਖਿਆ ਜਾਂਦਾ ਹੈ ਕਿ 90-ਹਲਕਾ ਰਾਮਪੁਰਾ ਫੂਲ ਅਧੀਨ ਕੰਮ ਕਰ ਰਹੇ ਬੀ.ਐਲ.ਓ. ਦੁਆਰਾ ਈ.ਐਫ.ਫਾਰਮਾਂ ਨਾਲ ਸਬੰਧਤ ਕਾਰਜ ਨੂੰ ਸਮੇਂ ਸਿਰ ਪੂਰਾ ਕਰਨ ਲਈ ਮਿਤੀ 19 ਜੁਲਾਈ 2026 ਨੂੰ ਦਿਨ ਐਤਵਾਰ, ਸਮਾਂ 8.00 ਵਜੇ ਸਵੇਰ ਤੋਂ 2.00 ਵਜੇ ਦੁਪਹਿਰ ਬਾਅਦ ਤੱਕ ਆਪਣੇ-ਆਪਣੇ ਪੋਲਿੰਗ ਸਟੇਸ਼ਨਾਂ ਤੇ ਸਪੈਸ਼ਲ ਕੈਂਪ ਲਗਾਇਆ ਜਾਣਾ ਹੈ। ਸਾਰੇ ਬੀ.ਐਲ.ਓ. ਦਾ ਆਪਣੇ ਆਪਣੇ ਪੋਲਿੰਗ ਸਟੇਸ਼ਨਾਂ ਤੇ ਹਾਜਰ ਹੋਣਾ ਲਾਜਮੀ ਹੈ। ਇਸ ਕੈਂਪ ਦੌਰਾਨ ਆਪ ਨੂੰ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

1. ਜਿਨਾਂ ਬੀ.ਐਲ.ਓ. ਵੱਲੋਂ ਈ.ਐਫ ਫਾਰਮਾ ਦਾ 100 ਪ੍ਰਤੀਸ਼ਤ ਕਾਰਜ ਪੂਰਾ ਹੋ ਚੁੱਕਾ ਹੈ ਉਨਾਂ ਦੁਆਰਾ ਇਸ ਕੈਂਪ ਦੌਰਾਨ ਅਨੋਮਲੀਜ਼ / ਲਾਜੀਕਲ ਡਿਸਕਰੀਪੈਂਸੀਜ਼ ਨਾਲ ਸਬੰਧਤ ਦਸਤਾਵੇਜ਼ ਇੱਕਠੇ ਕੀਤੇ ਜਾਣ।
2. ਜਿਨਾਂ ਬੀ.ਐਲ.ਓ. ਕੋਲ ਈ.ਐਫ. ਫਾਰਮ ਇੱਕਠੇ ਹੋ ਚੁੱਕੇ ਹਨ ਪਰ ਡਿਜੀਟਾਈਜੇਸ਼ਨ ਬਾਕੀ ਹੈ ਉਹ ਇਕੱਠੇ ਕੀਤੇ ਈ.ਐਫ. ਫਾਰਮਾਂ ਦੀ ਡਿਜੀਟਾਈਜੇਸ਼ਨ ਵੱਲ ਧਿਆਨ ਦੇਣਗੇ ਅਤੇ ਬਾਕੀ ਰਹਿੰਦੇ ਈ.ਐਫ. ਫਾਰਮਾਂ ਦੀ ਕੁਲੈਕਸ਼ਨ ਕਰਨਗੇ।
3. ਜਿਨ੍ਹਾਂ ਬੀ.ਐਲ.ਓ. ਵੱਲੋਂ ਫਾਰਮ ਘੱਟ ਕੁਲੈਕਟ ਹੋਏ ਹਨ ਉਹ ਫਾਰਮਾਂ ਦੀ ਕੁਲੈਕਸ਼ਨ ਅਤੇ ਡਿਜੀਟਾਈਜੇਸ਼ਨ ਦੋਹਾਂ ਦਾ ਕੰਮ ਇੱਕ ਸਮੇਂ ਹੀ ਕਰਨਗੇ। ਆਪ ਵੱਲੋਂ ਅਜਿਹੇ ਬੀ.ਐਲ.ਓ ਨੂੰ ਪੂਰਾ ਸਹਿਯੋਗ ਅਤੇ ਮਦਦ ਦਿੱਤੀ ਜਾਵੇ ਤਾਂ ਜ਼ੋ ਕੰਮ ਸਮੇਂ ਸਿਰ ਹੋ ਸਕੇ।

ਸਮੂਹ ਸੁਪਰਵਾਇਜਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਪੈਸ਼ਲ ਕੈਂਪ ਵਾਲੇ ਦਿਨ ਆਪਣੇ ਆਪਣੇ ਅਧੀਨ ਆਉਂਦੇ ਪੋਲਿੰਗ ਸਟੇਸ਼ਨਾਂ ਤੇ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਅਤੇ ਬੀ.ਐਲ.ਓ. ਦੀ ਹਾਜਰੀ ਯਕੀਨੀ ਬਣਾਉਣਗੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
90-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ
-ਕਮ-ਉਪ ਮੰਡਲ ਮੈਜਿਸਟ੍ਰੇਟ ਰਾਮਪੁਰਾ ਫੂਲ।

ਮਿਤੀ. 17-07-2026

ਪਿੱਠ ਅੰਕਣ ਨੰ. ਚੋਣਾਂ/2026/2098-2103

ਉਤਾਰਾ:

1) ਜਿਲ੍ਹਾ ਚੋਣ ਅਫਸਰ ਬਠਿੰਡਾ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।
2) ਨਾਇਬ ਤਹਿਸੀਲਦਾਰ ਰਾਮਪੁਰਾ ਫੂਲ / ਭਗਤਾ ਭਾਈਕਾ।
3) ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫਸਰ-2 ਕਮ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਫੂਲ।
4) ਕਾਰਜ ਸਾਧਕ ਅਫਸਰ ਨਗਰ ਕੌਂਸਲ, ਰਾਮਪੁਰਾ ਫੂਲ।
5) ਕਾਰਜ ਸਾਧਕ ਅਫਸਰ ਨਗਰ ਪੰਚਾਇਤ ਮਹਿਰਾਜ/ ਮਲੂਕਾ/ ਭਾਈਰੂਪਾ/ ਭਗਤਾ ਭਾਈਕਾ/ ਕੋਠਾ ਗੁਰੂ। ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਪੈਸ਼ਲ ਕੈਂਪ ਬਾਰੇ ਪ੍ਰੈਸ ਨੋਟ, ਸਪੈਸ਼ਲ ਮੁਨਾਦੀ, ਅਤੇ ਹੋਰ ਮਾਧਿਅਮ ਰਾਹੀ ਵਿਸ਼ੇਸ਼ ਪ੍ਰਚਾਰ ਕੀਤਾ ਜਾਵੇ ਤਾਂ ਜ਼ੋ ਵੱਧ ਤੋਂ ਵੱਧ ਲੋਕ ਕੈਂਪ ਵਿੱਚ ਸ਼ਾਮਲ ਹੋਣ।

ਮਿਤੀ: 17/07/26

ਚੋਣਕਾਰ ਰਜਿਸਟਰੇਸ਼ਨ ਅਫਸਰ,
90-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ
-ਕਮ-ਉਪ ਮੰਡਲ ਮੈਜਿਸਟ੍ਰੇਟ ਰਾਮਪੁਰਾ ਫੂਲ।

ਜ਼ਿਲ੍ਹਾ ਸਿੱਖਿਆ ਅਫਸਰ ... ਬਠਿੰਡਾ